# <u>ਪਬਲਿਕ ਨੋਟਿਸ</u>

ਸੂਚਿਤ ਕੀਤਾ ਜਾਂਦਾ ਹੈ ਕਿ **"ਸੀਨੀਅਰ ਸੈਕੰਡਰੀ ਰੇਜੀਡੈਂਸੀਅਲ ਸਕੂਲ ਫਾਰ ਮੈਰੀਟੋਰੀਅਸ ਸਟੂਡੈਂਟਸ"** ਦੇ ਦਾਖਲੇ ਸੰਬੰਧੀ ਸਿੱਖਿਆ ਵਿਭਾਗ ਵੱਲੋਂ ਮਿਤੀ 2-6-14, 3-6-14,4-6-14 ਨੂੰ ਵੱਖ ਵੱਖ ਅਖਬਾਰਾਂ ਰਾਂਹੀਂ ਲੋਕਾਂ ਨੂੰ ਜਾਣੂ ਕਰਵਾਇਆ ਸੀ ਕਿ ਇਨ੍ਹਾਂ ਸਕੂਲਾਂ ਵਿਚ ਰਾਜ ਦੇ ਸਰਕਾਰੀ ਸਕੂਲਾਂ ਦੇ ਉਹ ਵਿਦਿਆਰਥੀ ਜਿਨ੍ਹਾਂ ਨੇ ਸਾਲ 2013-14 ਦੌਰਾਨ 10ਵੀਂ ਦੀ ਪ੍ਰਿਖਿਆ ਵਿਚ 80% ਜਾਂ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਦਾਖਲਾ ਲੈਣ ਦੇ ਯੋਗ ਹਨ। ਪੰਜਾਬ ਰਾਜ ਦੇ 6 ਜਿਲ੍ਹਿਆਂ ਵਿਚ (ਅੰਮ੍ਰਿਤਸਰ, ਲੁਧਿਆਣਾ, ਪਟਿਆਲਾ, ਬਠਿੰਡਾ, ਜਲੰਧਰ , ਮੋਹਾਲੀ) ਇਹ ਸਕੂਲ ਖੋਲੇ ਗਏ ਹਨ। ਵਿਦਿਆਰਥੀ ਜਿਨ੍ਹਾਂ ਨੇ 80% ਜਾਂ 80% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਦੀ ਗਿਣਤੀ ਪੰਜਾਬ ਸਕੂਲ ਸਿੱਖਿਆ ਬੋਰਡ ਅਨੁਸਾਰ 4702 ਹੈ, ਜਿਨ੍ਹਾ ਵਿਚੋਂ ਹੁਣ ਤੱਕ ਲਗਭਗ 2400 ਵਿਦਿਆਰਥੀਆਂ ਨੇ ਦਾਖਲਾ ਫਾਰਮ ਭਰ ਦਿੱਤੇ ਹਨ। ਦੱਸਣ ਯੋਗ ਹੈ ਕਿ ਬੋਰਡ ਵੱਲੋਂ ਨਤੀਜਾ ਘੋਸਿਤ ਹੋਣ ਸਮੇਂ ਸਕੂਲਾਂ ਵਿਚ ਗਰਮੀਆਂ ਦੀਆਂ ਛੁੱਟੀਆਂ ਹੋਣ ਕਾਰਨ ਕੁਝ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਤੱਕ ਇਨ੍ਹਾਂ ਸਕੂਲਾਂ ਦੀ ਅਹਿਮੀਅਤ ਨਹੀਂ ਪਹੁੰਚ ਸਕੀ। ਰਿਹਾਇਸੀ ਸਕੂਲ ਹੋਣ ਕਾਰਨ ਹੋਸਟਲ ਦੀ ਉਸਾਰੀ ਅਤੇ ਹੋਰ ਸੁਵਿਧਾਵਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸਕੂਲਾਂ ਦੇ ਦਾਖਲੇ ਦੀ ਸਮਰਥਾ ਅਨੁਸਾਰ 500 ਵਿਦਿਆਰਥੀ ਪ੍ਰਤੀ ਸਕੂਲ ਦੇ ਅਨੁਸਾਰ, ਲਗਭਗ 3000 ਵਿਦਿਆਰਥੀਆਂ ਦੇ ਦਾਖਲੇ ਦੀ ਉਮੀਦ ਹੈ। ਵਿਦਿਆਰਥੀਆਂ ਦੇ ਦਾਖਲੇ ਦੀ ਅੰਤਿਮ ਮਿਤੀ 30-6-14 ਤੋਂ ਵਧਾ ਕੇ 15 ਜੁਲਾਈ 2014 ਕਰ ਦਿਤੀ ਗਈ ਹੈ।

ਕਲਾਸਾਂ ਸੁਰੂ ਕਰਨ ਦੀ ਮਿਤੀ ਪਹਿਲਾ ਦਿੱਤੀ ਗਈ ਸੂਚਨਾ ਅਨੁਸਾਰ 1 ਜੁਲਾਈ 2014 ਸੀ। ਪ੍ਰੰਤੂ ਜੋ ਵਿਦਿਆਰਥੀ ਬਾਅਦ ਵਿਚ ਦਾਖਲ ਹੋਣਗੇ, ਉਨ੍ਹਾ ਦੀ ਪੜ੍ਹਾਈ ਅਤੇ ਉਸਾਰੀ ਦੇ ਮੱਦੇਨਜਰ ਕਲਾਸਾਂ 1 ਅਗਸਤ 2014 ਤੋਂ ਸੁਰੂ ਕੀਤੀਆਂ ਜਾਣਗੀਆਂ।

27/6/14

ਡਾਇਰੈਕਟਰ ਸਿੱਖਿਆ ਵਿਭਾਗ ( ਸੈ:ਸਿ: )
ਕਮ ਪ੍ਰੌਜੈਕਟ ਡਾਇਰੈਕਟਰ ਸੋਸਾਇਟੀ ਫਾਰ
ਪ੍ਰੋਮੋਸਨ ਆਫ ਕੁਆਲਿਟੀ ਐਜੂਕੇਸਨ ਫਾਰ
ਪੂਅਰ ਐਂਡ ਮੈਰੀਟੋਰੀਅਸ ਸਟੂਡੈਂਟਸ ਆਫ
ਪੰਜਾਬ।